ਕਮਲਜੀਤ ਹੱਥ ਉੱਤੇ ਹੱਥ ਮਾਰਦਾ ਹੋਇਆ ਬੋਲਿਆ।

"ਕੀ ਤੇਰੀ ਮੰਮੀ ਤੈਨੂੰ ਮਾਰਦੀ ਨਹੀਂ ?"

"ਮੇਰੀ ਮੰਮੀ ਨੂੰ ਪਤਾ ਹੀ ਨਹੀਂ ਲੱਗਦਾ ਕਿ ਮੈਂ ਪਰਸ ਵਿੱਚੋਂ ਪੈਸੇ ਲਏ।" ਉਹ ਉੱਚੀ-ਉੱਚੀ ਹੱਸਿਆ।

"ਇਸ ਦਾ ਮਤਲਬ ਤੂੰ ਘਰੋਂ ਪੈਸੇ ਚੋਰੀ ਕਰਕੇ ਲਿਆਉਂਦਾ ਏਂ ।"

"ਚੱਲ ਛੱਡ ਦੋਸਤ, ਲੈ ਤੂੰ ਵੀ ਟਾਫ਼ੀ ਖਾਹ।" ਇੰਨਾ ਕਹਿੰਦੇ ਸਾਰ ਉਸ ਨੇ ਅਮਰਜੀਤ ਨੂੰ ਟਾਫ਼ੀ ਫੜਾ ਦਿੱਤੀ। ਉਸ ਨੇ ਟਾਫ਼ੀ ਡਰਦੇ-ਡਰਦੇ ਮੂੰਹ ਵਿੱਚ ਪਾ ਲਈ। ਉਸ ਨੂੰ ਟਾਫੀ ਬੜੀ ਸੁਆਦ ਲੱਗੀ।

ਦੂਜੇ ਦਿਨ ਅਰਮਜੀਤ ਨੇ ਹੌਂਸਲਾ ਕਰਕੇ ਆਪਣੀ ਮੰਮੀ ਦੇ ਪਰਸ ਵਿੱਚੋਂ ਦੋ ਰੁਪਏ ਕੱਢ ਲਏ। ਸਕੂਲ ਵਿੱਚ ਅੱਧੀ ਛੁੱਟੀ ਵੇਲੇ ਆਪਣੇ ਬਾਕੀ ਦੋਸਤਾਂ ਵਾਂਗ ਰੇਹੜੀ ਤੋਂ ਖਾਣ ਦਾ ਸਮਾਨ ਖਰੀਦਿਆ ਤੇ ਖਾ ਲਿਆ। ਇਸ ਪਹਿਲੀ ਚੋਰੀ ਕਰਕੇ ਉਹ ਸਾਰਾ ਦਿਨ ਡਰਦਾ ਰਿਹਾ ਕਿ ਮੰਮੀ ਨੂੰ ਪਤਾ ਨਾ ਲੱਗ ਜਾਵੇ। ਵਾਪਸ ਘਰ ਆ ਕੇ ਉਸ ਨੂੰ ਬੜੀ ਹੈਰਾਨੀ ਹੋਈ। ਉਸ ਦੀ ਮੰਮੀ ਨੇ ਉਸ ਨੂੰ ਪੁੱਛਿਆ ਤੱਕ ਨਾ। ਫਿਰ ਹੌਲੀ-ਹੌਲੀ ਅਮਰਜੀਤ ਰੋਜ਼ ਹੀ ਘਰੋਂ ਪੈਸੇ ਲੈ ਜਾਂਦਾ ਤੇ ਆਪਣੇ ਦੋਸਤਾਂ ਵਾਂਗ ਖ਼ਰਚ ਕਰਦਾ। ਉਸ ਦੀ ਚੋਰੀ ਦਾ ਘਰ ਵਿੱਚ ਕਿਸੇ ਨੂੰ ਪਤਾ ਨਾ ਲੱਗਾ।

ਇੱਕ ਦਿਨ ਉਸ ਦੇ ਪੰਜਾਬੀ ਵਾਲੇ ਅਧਿਆਪਕ ਨੇ ਜਮਾਤ ਵਿੱਚ ਇੱਕ ਬਦਨਾਮ ਚੋਰ ਦੀ ਕਹਾਣੀ ਸੁਣਾਈ। ਉਹ ਬਚਪਨ ਵਿੱਚ ਘਰੋਂ ਚੋਰੀ ਕਰਨਾ ਸਿੱਖਿਆ ਸੀ। ਫਿਰ ਵੱਡਾ ਹੋ ਕੇ ਡਾਕੇ ਮਾਰਨ ਲੱਗ ਪਿਆ। ਇੱਕ ਦਿਨ ਉਹ ਫੜਿਆ ਗਿਆ ਤੇ ਉਸ ਨੂੰ ਸਜ਼ਾ ਹੋ ਗਈ। ਕਹਾਣੀ ਸੁਣਦੇ ਸਮੇਂ ਡਰ ਨਾਲ ਅਮਰਜੀਤ ਦਾ ਸਾਰਾ ਸਰੀਰ ਕੰਬ ਉੱਠਿਆ। ਉਹ ਸੋਚਣ ਲੱਗਾ। ਇਹ ਚੋਰੀ ਦੀ ਆਦਤ ਮੈਨੂੰ ਵੀ ਇੱਕ ਦਿਨ ਜੇਲ੍ਹ ਤੱਕ ਲੈ ਜਾਵੇਗੀ।

ਛੁੱਟੀ ਤੋਂ ਬਾਅਦ ਉਹ ਵਾਪਸ ਘਰ ਆ ਗਿਆ। ਅੱਜ ਦੀ ਕਹਾਣੀ ਉਸ ਦੇ ਦਿਮਾਗ਼ ਵਿੱਚ ਘਰ ਕਰ ਗਈ ਸੀ। ਉਹ ਉਦਾਸ ਹੋ ਗਿਆ। ਉਸ ਦੀ ਭੁੱਖ ਮਰ ਗਈ। ਪੇਟ ਖਰਾਬ ਹੋਣ ਦਾ ਬਹਾਨਾ ਕਰਕੇ, ਉਹ ਬਿਨਾਂ ਰੋਟੀ ਖਾਧਿਆਂ, ਆਪਣੇ ਸੌਣ ਵਾਲੇ ਕਮਰੇ ਵਿੱਚ ਆ ਗਿਆ। ਅੱਜ ਉਸ ਦੀ ਨੀਂਦ ਵੀ ਉੱਡ ਗਈ।

ਉਸ ਦੇ ਮੰਮੀ ਡੈਡੀ ਨਾਲ ਵਾਲੇ ਕਮਰੇ ਵਿੱਚ ਸੁੱਤੇ ਪਏ ਸਨ। ਅਮਰਜੀਤ ਦੇ ਕੰਨਾਂ ਵਿੱਚ ਅਜੇ ਵੀ ਉਹੀ ਕਹਾਣੀ ਗੂੰਜ ਰਹੀ ਸੀ। ਕੀ ਉਹ ਵੀ ਇੱਕ ਦਿਨ ਚੋਰ